# ਚਿੱੜੀ - ਕਾਂ

ਇਕ ਵਾਰ ਇਕ ਚਿੱੜੀ ਅਤੇ ਇਕ ਕਾ ਨੇ ਸਾਂਝ ਪਾਈ ।

ਚਿੱੜੀ ਕਹਿੰਦੀ: ਕਾਂਵਾ-ਕਾਂਵਾ ਆਪਾ ਖੇਤ ਵਾਹ ਆਈਏ ।

ਕਾਂ ਕਹਿੰਦਾ: ਚੱਲ ਮੈ ਆਇਆ, ਲਾਲ ਮੌਜੇ ਪਾਇਆ,
ਠੁਮਕ-ਠੁਮਕ ਕਰਦਾ, ਤੇਰੇ ਤੋ ਵੀ ਪਹਿਲਾ ਆਇਆ ।

ਚਿੱੜੀ ਵਿਚਾਰੀ ਖੇਤ ਵਾਹ ਆਈ, ਕਾਂ ਗਿਆ ਈ ਨਹੀ ।
ਫਿਰ ਚਿੱੜੀ ਕਹਿੰਦੀ: ਕਾਂਵਾ-ਕਾਂਵਾ ਆਪਾ ਕਣਕ ਬੀਜ ਆਈਏ ।

ਕਾਂ ਕਹਿੰਦਾ: ਚੱਲ ਮੈ ਆਇਆ, ਲਾਲ ਮੌਜੇ ਪਾਇਆ,
ਠੁਮਕ-ਠੁਮਕ ਕਰਦਾ, ਤੇਰੇ ਤੋ ਵੀ ਪਹਿਲਾ ਆਇਆ ।

ਚਿੱੜੀ ਵਿਚਾਰੀ ਕਣਕ ਬੀਜ ਆਈ, ਕਾਂ ਗਿਆ ਈ ਨਹੀ ।
ਫਿਰ ਚਿੱੜੀ ਕਹਿੰਦੀ: ਕਾਂਵਾ-ਕਾਂਵਾ ਆਪਾ ਕਣਕ ਸਿੰਜ ਆਈਏ ।

ਕਾਂ ਕਹਿੰਦਾ: ਚੱਲ ਮੈ ਆਇਆ, ਲਾਲ ਮੌਜੇ ਪਾਇਆ,
ਠੁਮਕ-ਠੁਮਕ ਕਰਦਾ, ਤੇਰੇ ਤੋ ਵੀ ਪਹਿਲਾ ਆਇਆ ।

ਚਿੱੜੀ ਵਿਚਾਰੀ ਕਣਕ ਸਿੰਜ ਆਈ, ਕਾਂ ਗਿਆ ਈ ਨਹੀ ।
ਫਿਰ ਚਿੱੜੀ ਕਹਿੰਦੀ: ਕਾਂਵਾ-ਕਾਂਵਾ ਆਪਾ ਕਣਕ ਕੱਟ-ਕੱਡ ਆਈਏ ।

ਕਾਂ ਕਹਿੰਦਾ: ਚੱਲ ਮੈ ਆਇਆ, ਲਾਲ ਮੌਜੇ ਪਾਇਆ,
ਠੁਮਕ-ਠੁਮਕ ਕਰਦਾ, ਤੇਰੇ ਤੋ ਵੀ ਪਹਿਲਾ ਆਇਆ ।

ਚਿੱੜੀ ਵਿਚਾਰੀ ਕਣਕ ਕੱਟ-ਕੱਡ ਆਈ, ਕਾਂ ਗਿਆ ਈ ਨਹੀ ।
ਫਿਰ ਚਿੱੜੀ ਕਹਿੰਦੀ: ਕਾਂਵਾ-ਕਾਂਵਾ ਆਪਾ ਕਣਕ ਵੰਡ ਲਈਏ ।

**Updated: June 24, 2007**

ਕਾਂ ਕਹਿੰਦਾ: ਚੱਲ ਮੈ ਆਇਆ, ਲਾਲ ਮੌਜੇ ਪਾਇਆ,
ਠੁਮਕ-ਠੁਮਕ ਕਰਦਾ, ਤੇਰੇ ਤੋ ਵੀ ਪਹਿਲਾ ਆਇਆ ।

ਕਾਂ ਕਣਕ ਵੰਡਣ ਲਈ ਚਿੱੜੀ ਤੋ ਵੀ ਪਹਿਲਾ ਪਹੁੰਚ ਗਿਆ ।

ਕਾਂ ਨੇ ਸਾਰੀ ਕਣਕ ਆਪ ਰੱਖ ਲਈ, ਤੇ ਸਾਰੀ ਤੂੜੀ ਚਿੱੜੀ ਨੂੰ ਦੇ ਦਿੱਤੀ ।
ਕਾਂ ਆਪ ਕਣਕ ਦੀ ਢੇਰੀ ਤੇ ਬੈਡ ਗਿਆ, ਚਿੱੜੀ ਨੂੰ ਕੁਝ ਨਹੀ ਦਿੱਤਾ ।

ਚਿੱੜੀ ਵਿਚਾਰੀ ਤੂੜੀ ਦੀ ਢੇਰੀ ਤੇ ਬੈਠ ਗਈ ਅਤੇ ਕਾਂ ਵਾਰੇ ਸੋਚਣ ਲੱਗੀ ।
ਫਿਰ ਚਿੱੜੀ ਕਹਿੰਦੀ: ਕਾਂਵਾ-ਕਾਂਵਾ ਮੈਨੂੰ ਵੀ ਕਣਕ ਦੇਹ ।

ਕਾਂ ਕਹਿੰਦਾ: ਦਾਣੇ ਦਾਣੇ ਕਾਂ ਦੇ, ਤੂੜੀ-ਤੂੜੀ ਚਿੱੜੀ ਦੀ ।
ਚਿੱੜੀ ਵਿਚਾਰੀ ਰੋਣ ਲੱਗੀ ਪਰ ਕਾਂ ਨੇ ਇਕ ਵੀ ਨਹੀ ਸੁਣੀ ।

ਇਨੇ ਨੂੰ ਬਹੁਤ ਜੋਰ ਦੀ ਮੀਹ-ਗੜੇ ਪੈਣ ਲੱਗੇ ।
ਚਿੱੜੀ ਮੀਹ-ਗੱੜੇਆ ਤੋ ਬੱਚਣ ਲਈ ਤੂੜੀ ਦੀ ਢੇਰੀ ਵਿਚ ਚਲੀ ਗਈ ।
ਕਾਂ ਦਾਣਿਆ ਦੀ ਢੇਰੀ ਦੇ ਬਾਹਰ ਬੈਠਾ ਰਿਹਾ ਤੇ ਗੱੜੇਆ ਚ ਮਰ ਗਿਆ ।

ਚਿੱੜੀ ਨੇ ਗੱੜੇ ਹੱਟਣ ਤੋ ਬਾਅਦ ਦੇਖਿਆ ਕਿ ਲਾਲਚੀ ਕਾਂ ਮਰ ਗਿਆ ।

ਚਿੱੜੀ ਨੇ ਕਾਂ ਨੂੰ ਪੂਛ ਤੋ ਫੱੜ ਕੇ ਮੱੜੀਆ ਵੱਲ ਨੂੰ ਖਿਚਣਾ ਸੁਰੂ ਕੀਤਾ,
ਤੇ ਖੁਸੀ-ਖੁਸੀ ਗਾਉਣਾ ਸੁਰੂ ਕੀਤਾ:

"ਚਿੜੀ ਘੜੀਸੇ ਕਾਂ ਨੂੰ, ਕਹਿੰਦੀ ਕਾਂਵਾ ਯਾਦ ਕਰ ਆਪਣੀ ਮਾਂ ਨੂੰ" ।

ਸ਼ਿਟਾ ਕੱਣਕ ਦਾ ਜਾ ਮੱਕੀ ਦਾ: "ਲ਼ਾਲਚ ਬੁਰੀ ਬਲਾ ਹੈ"

**Archived at:** **www.geocities.com/new_punjabi_songs**
**Written by:** **Dr. Sarjinder Singh, Assistant Professor, St. Cloud State University, St. Cloud, MN, USA**
**Note: All opinions are of author's own.**

**Updated: June 24, 2007**